ਨਵੰਬਰ 22, 2016

# ਇਲੇਕਟ੍ਰਾਨਕ ਭੁਗਤਾਨਾਂ ਨੂੰ ਵਧਾਵਾ ਦੇਣ ਦੇ ਲਈ ਵਿਸ਼ੇਸ਼ ਉਪਾਅ

ਡਿਜਿਟਲ ਸਾਧਨਾਂ ਨਾਲ ਆਮ ਜਨਤਾ ਦੀ ਲੈਣਦੇਨ ਦੀ ਲੋੜਾਂ ਨੂੰ ਪੂਰਾ ਕਰਨ ਦੇ ਲਈ ਰਿਜ਼ਰਵ ਬੈਂਕ ਨੇ ਛੋਟੇ ਵਪਾਰੀਆਂ ਦੇ ਲਈ ਵਿਸ਼ੇਸ਼ ਛੁੱਟ ਅਤੇ ਸੈਮੀ-ਕਲੋਜ਼ਡ ਪ੍ਰੀਪੇਡ ਭੁਗਤਾਨ ਲਿਖਤਾਂ (ਪੀਪੀਆਈ) ਦੀ ਸੀਮਾਵਾਂ ਵਿੱਚ ਸੰਵਰਧਨ ਦੇ ਰਾਹੀਂ ਅਤਿਰਿਕਤ ਉਪਾਅ ਸ਼ੁਰੂ ਕੀਤੇ ਹਨ।

ਛੋਟੇ ਵਪਾਰੀਆਂ ਦੇ ਲਈ ਹੁਣ ਇੱਕ ਵਿਸ਼ੇਸ਼ ਛੁੱਟ ਦਿੱਤੀ ਗਈ ਹੈ ਜਿੱਥੇ ਪੀਪੀਆਈ ਜਾਰੀਕਰਤਾ ਇਹਨਾਂ ਵਪਾਰੀਆਂ ਨੂੰ ਪੀਪੀਆਈ ਜਾਰੀ ਕਰ ਸਕਦੇ ਹਨ। ਜਦਕਿ ਇਹਨਾਂ ਪੀਪੀਆਈ ਵਿੱਚ ਸ਼ੇਸ਼-ਰਾਸ਼ੀ ਕਿਸੀ ਵੀ ਸਮੇਂ ₹ 20,000/- ਤੋਂ ਵੱਧ ਨਹੀਂ ਹੋ ਸਕਦੀ, ਵਪਾਰੀ ਇਹਨਾਂ ਪੀਪੀਆਈ ਤੋਂ ਨਿਧੀ ਪ੍ਰਤੀ ਲੈਣਦੇਨ ਬਿਨਾ ਕਿਸੀ ਲਿਮਿਟ ਦੇ ਹਰ ਮਹੀਨੇ ₹ 50,000/- ਤੱਕ ਆਪਣੇ ਲਿੰਕਡ ਬੈਂਕ ਖਾਤਿਆਂ ਵਿੱਚ ਹਸਤਾਂਤਰਤ ਕਰ ਸਕਦੇ ਹਨ। ਵਪਾਰੀਆਂ ਨੂੰ ਸਿਰਫ ਆਪਣੇ ਬੈਂਕ ਖਾਤਿਆਂ ਦੀ ਸਥਿਤੀ ਅਤੇ ਬਯੌਰਿਆਂ ਦੇ ਸੰਬੰਧ ਵਿੱਚ ਇੱਕ ਸ੍ਵਹ-ਘੋਸ਼ਣਾ ਕਰਨ ਦੀ ਲੋੜ ਹੈ।

ਨਯੂਨਤਮ ਬਯੌਰਿਆਂ ਦੇ ਨਾਲ ਜਾਰੀ ਸੈਮੀ-ਕਲੋਜ਼ਡ ਪੀਪੀਆਈ ਦੀ ਲਿਮਿਟ ਮੌਜੂਦਾ ₹ 10,000/- ਤੋਂ ਵਧਾ ਕੇ ₹ 20,000/- ਕਰ ਦਿੱਤੀ ਗਈ ਹੈ। ਕਿਸੀ ਵੀ ਮਹੀਨੇ ਵਿੱਚ ਰੀਲੋਡ ਦਾ ਕੁੱਲ ਮੁੱਲ ਵੀ ₹ 20,000/- ਤੱਕ ਵਧਾ ਦਿੱਤਾ ਗਿਆ ਹੈ।

ਪੀਪੀਆਈ ਦੀ ਹੋਰ ਸ਼੍ਰੇਣੀਆਂ ਦੇ ਲਈ ਮੌਜੂਦਾ ਅਨੁਦੇਸ਼ ਅਪਰਿਵਰਤਤ ਹਨ। ਪ੍ਰਾਧਿਕ੍ਰਿਤ ਪੀਪੀਆਈ ਜਾਰੀਕਰਤਾ ₹ 1,00,000/- ਤੱਕ ਦੀ ਸ਼ੇਸ਼-ਰਾਸ਼ੀ ਵਾਲੇ ਪੂਰਣ ਕੇਵਾਈਸੀ ਪੀਪੀਆਈ ਉਪਲਬਧ ਕਰਾਉਣਾ ਜਾਰੀ ਰੱਖ ਸਕਦੇ ਹਨ।

ਉਪਰਯੁਕਤ ਉਪਾਅ 21 ਨਵੰਬਰ 2016 ਤੋਂ 30 ਦਿਸੰਬਰ 2016 ਤੱਕ ਲਾਗੂ ਰਹਿਣਗੇ ਅਤੇ ਸਮੀਕਸ਼ਾ ਦੇ ਅਧੀਨ ਹੋਣਗੇ।

ਪੀਪੀਆਈ ਦੀ ਪਹਿਲੇ ਦੇ ਦਿਸ਼ਾਨਿਰਦੇਸ਼ਾਂ ਵਿੱਚ ਇਹਨਾਂ ਵਪਾਰੀਆਂ ਦੇ ਲਈ ਇੱਕ ਅਲੱਗ ਸ਼੍ਰੇਣੀ ਦੇ ਰੂਪ ਵਿੱਚ ਪੀਪੀਆਈ ਖੋਲਣ ਦੇ ਲਈ ਵਿਸ਼ਿਸ਼ਟ ਰੂਪ ਤੋਂ ਪ੍ਰਾਵਧਾਣ ਨਹੀਂ ਕੀਤਾ ਗਿਆ ਸੀ ਅਤੇ ਨਯੂਨਤਮ ਬਯੌਰਿਆਂ ਦੇ ਨਾਲ ਜਾਰੀ ਸੈਮੀ-ਕਲੋਜ਼ਡ ਪੀਪੀਆਈ ਦੀ ਸੀਮਾ ₹ 20,000/- ਸੀ।

ਅਲਪਨਾ ਕਿੱਲਵਾਲਾ

ਪ੍ਰਮੁੱਖ ਸਲਾਹਕਾਰ

ਪ੍ਰੈਸ ਪਰਕਾਸ਼ਣੀ: 2016-2017/1282